Tender Heart High School, Class- IV (Punjabi)

__/__/__


Chapter- 10 Gurpreet Kaur

ਪਿਆਰੇ ਵਿਦਿਆਰਥੀਓ,


ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-10 'ਦੁਲੈਂਕੜ', ਜੋ ਕਿ ਤੁਹਾਡੀ ਪਾਠ-ਪੁਸਤਕ 'ਸੁੱਚੇ ਮੋਤੀ' ਦੇ ਪੰਨਾ ਨੰਬਰ- 30 ਤੇ ਦਰਜ ਹੈ, ਉਸ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਜੇ ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਪੜ੍ਹਨਾ ਸ਼ੁਰੂ ਕਰੀਏ। ਇਸ ਮਾਤਰਾ ਦੀ ਅਵਾਜ਼ 'ਊ' ਵਾਂਗ ਹੁੰਦੀ ਹੈ ਜੋ ਕਿ ਹਿੰਦੀ ਭਾਸ਼ਾ ਦੀ ਮਾਤਰਾ ਵੱਡਾ 'ਊ' ਨਾਲ ਮਿਲਦੀ- ਜੁਲਦੀ ਹੈ। ਆਓ, ਇਸ ਮਾਤਰਾ ਨੂੰ ਵਰਤਣ ਦਾ ਤਰੀਕਾ ਸਿੱਖੀਏ।



ੳ+ ੂ +ਠ = ਊਠ



ਸ+ਕ+ ੂ +ਲ = ਸਕੂਲ




ਮ+ ੂ +ਲੀ = ਮੂਲੀ



ਖ਼+ਰ+ਬ+ ੂ +ਜਾ = ਖ਼ਰਬੂਜਾ



ਬ+ ੂ +ਟ = ਬੂਟ



ਰ+ ੂ +ਦ = ਅਮਰੂਦ

Tender Heart High School, Class- IV (Punjabi)

Chapter-10 Gurpreet Kaur

ਆਓ, ਕੁਝ ਦੋ, ਤਿੰਨ ਅਤੇ ਚਾਰ ਅੱਖਰਾਂ ਵਾਲੇ ਦੁਲੈਂਕੜ ਸ਼ਬਦ ਸਿੱਖਦੇ ਹਾਂ, ਮੇਰੇ ਨਾਲ ਪੜ੍ਹੋ, ਬੋਲੋ ਅਤੇ ਲਿਖੋ।

**ਪੜ੍ਹੋ, ਬੋਲੋ ਤੇ ਲਿਖੋ-**

| | | | | |
|---|---|---|---|---|
| ਚੂਨ | ਦੂਰ | ਲੂਣ | ਸੂਟ | ਰੂਪ |
| ਨੂਰ | ਹੂਰ | ਚੂਹਾ | ਚੂੜੀ | ਪੂਰਾ |
| ਸੂਰਜ | ਪੂਰਬ | ਪੂਰਨ | ਚੂਰਨ | ਖਜੂਰ |
| ਪਾਲਤੂ | ਤਰਬੂਜ਼ | ਕਬੂਤਰ | ਸਕੂਟਰ | ਸਹੂਲਤ |

ਵਿਦਿਆਰਥੀ ਹੁਣ ਪਹਿਲਾਂ, ਉੱਪਰ ਦੱਸੇ ਸ਼ਬਦ ਪੜ੍ਹਨ ਅਤੇ ਬੋਲਣ ਦਾ ਅਭਿਆਸ ਕਰਨ।

ਆਓ, ਹੁਣ 'ਦੁਲੈਂਕੜ' ਮਾਤਰਾ ਨਾਲ ਸੰਬੰਧਿਤ ਕਵਿਤਾ ਪੜ੍ਹਦੇ ਹਾਂ :-

## ਭੂਆ ਆਈ

ਅਨੂਪ ਦੀ ਭੂਆ ਆਈ।
ਅਮਰੂਦ ਖ਼ਰਬੂਜ਼ਾ ਤਰਬੂਜ਼ ਲਿਆਈ।
ਖਜੂਰ ਆੜੂ ਸ਼ਹਿਤੂਤ ਵੀ ਲਿਆਈ।
ਰਾਜੂ ਲਈ ਸੂਟ ਲਿਆਈ।
ਕਾਕੂ ਲਈ ਬੂਟ ਲਿਆਈ।
ਬਾਣੀ ਲਈ ਡਮਰੂ ਲਿਆਈ।
ਭੂਆ ਆਈ, ਭੂਆ ਆਈ।
ਅਨੂਪ ਦੀ ਭੂਆ ਆਈ।



ਧੰਨਵਾਦ।

Last page - 2

Tender Heart High School, Class- IV (Punjabi) __/__/__

Chapter-10 Gurpreet Kaur



(1)

ਪਿਆਰੇ ਵਿਦਿਆਰਥੀਓ,



ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-10 'ਦੁਲੈਂਕੜ' ਦੀ ਮਾਤਰਾ ਦਾ ਪਿਛਲਾ "ਅਭਿਆਸ" ਹੱਲ ਕਰਨ ਬਾਰੇ ਜਾਣਕਾਰੀ ਦੇਵਾਂਗੀ। ਇਹ ਅਭਿਆਸ ਪੰਨਾ ਨੰਬਰ-32, ੩੩ ਉੱਤੇ ਦਰਜ ਹੈ। ਇਸ ਲਈ ਜੇ ਸਾਰੇ ਵਿਦਿਆਰਥੀ ਆਪਣੀਆਂ ਕਿਤਾਬਾਂ ਲੈਕੇ ਤਿਆਰ ਹਨ, ਤਾਂ ਆਓ ਅਸੀਂ ਅਭਿਆਸ ਨੂੰ ਹੱਲ ਕਰਨਾ ਸ਼ੁਰੂ ਕਰੀਏ।

## ਅਭਿਆਸ

1. ਹੇਠ ਦਿੱਤੀਆਂ ਤਸਵੀਰਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਨਾਂ ਲਿਖੋ-


1. ਆੜੂ  ੨: ਆਲੂ  ੩: ਚੂਹਾ


4. ਭਾਲੂ  5: ਡਮਰੂ  6. ਸਕੂਟਰ

Tender Heart High School, Class- IV (Punjabi) __/__/__

Chapter-10 Gurpreet Kaur

ਆਓ, ਹੁਣ ਦੂਜਾ ਪ੍ਰਸ਼ਨ ਹੱਲ ਕਰੀਏ, ਇਸ ਵਿੱਚ ਅਸੀਂ ਦੁਲੈਂਕੜ ਲਾਕੇ ਸ਼ਬਦ ਪੂਰੇ ਕਰੀਏ। (2)

## 2. ਦੁਲੈਂਕੜ ( ੂ ) ਲਾ ਕੇ ਸ਼ਬਦ ਪੂਰੇ ਕਰੋ-

1) ਆਲ - ਆਲੂ
2) ਮਜ਼ਦਰ - ਮਜ਼ਦੂਰ
3) ਸਕਟਰ - ਸਕੂਟਰ
4) ਬਬਲ - ਬਬਲੂ
5) ਜਮਰਾ - ਜਮੂਰਾ
6) ਪਰਬ - ਪੂਰਬ
7) ਸਰਤ - ਸੂਰਤ
8) ਕਸਰ - ਕਸੂਰ
9) ਹਜ਼ਰ - ਹਜ਼ੂਰ
10) ਪਾਲਤ - ਪਾਲਤੂ

32

ਹੁਣ ਅਸੀਂ ਪਹਿਲਾਂ, ਪਹਿਲੀ ਅੱਖਰਮਾਲਾ ਅਤੇ ਦੂਜੀ ਅੱਖਰਮਾਲਾ ਪੂਰੀ ਕਰਾਂਗੇ। ਫੇਰ, ਪ੍ਰਸ਼ਨ-3 ਹੱਲ ਕਰੋ।

## 3. ਹੇਠ ਲਿਖੇ ਸ਼ਬਦਾਂ ਨੂੰ ਸੁੰਦਰ ਲਿਖਾਈ ਵਿੱਚ ਤਿੰਨ-ਤਿੰਨ ਵਾਰ ਲਿਖੋ-

| | | | |
|---|---|---|---|
| ਪੂਨਮ | ਪੂਨਮ | ਪੂਨਮ | ਪੂਨਮ |
| ਸੂਰਜ | ਸੂਰਜ | ਸੂਰਜ | ਸੂਰਜ |
| ਮੂਰਤ | ਮੂਰਤ | ਮੂਰਤ | ਮੂਰਤ |
| ਚੂਰਨ | ਚੂਰਨ | ਚੂਰਨ | ਚੂਰਨ |
| ਭੂਸ਼ਨ | ਭੂਸ਼ਨ | ਭੂਸ਼ਨ | ਭੂਸ਼ਨ |

Tender Heart High School , Class- IV (Punjabi)

Chapter-10 Gurpreet Kaur

ਹੁਣ ਅਸੀਂ ਪ੍ਰਸ਼ਨ 4 ਅਤੇ 5 ਹੱਲ ਕਰਾਂਗੇ ।

**4. ਪਾਠ ਵਿੱਚ ਆਏ ਫਲਾਂ ਦੇ ਨਾਂ ਲਿਖੋ-**

1) ਖ਼ਰਬੂਜਾ 2) ਅਮਰੂਦ 3) ਤਰਬੂਜ਼

4) ਖਜੂਰ 5) ਆੜੂ 6) ਸ਼ਹਿਤੂਤ

**5. ਕੋਈ ਦੋ ਫਲਾਂ ਦੀਆਂ ਤਸਵੀਰਾਂ ਬਣਾਓ ਜਾਂ ਲੱਭ ਕੇ ਦਿੱਤੀ ਜਗ੍ਹਾ ਉੱਤੇ ਚਿਪਕਾਓ-**



ਖ਼ਰਬੂਜਾ



ਅਮਰੂਦ

ਸਾਰੇ ਵਿਦਿਆਰਥੀ ਧਿਆਨ ਨਾਲ ਇਸ ਅਭਿਆਸ ਨੂੰ ਪੜ੍ਹਨ ਅਤੇ ਹੱਲ ਕਰਨ ।

ਧੰਨਵਾਦ ।

Last page - (3)